# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 05.09.2022 ਨੂੰ ਬਾਅਦ ਦੁਪਹਿਰ 4.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ।

ਸ਼੍ਰੀਮਤੀ ਰਮਨ ਗੋਇਲ
ਮੇਅਰ

ਡਾ: ਪਲਵੀ, ਆਈ.ਏ.ਐਸ.
ਕਮਿਸ਼ਨਰ

ਸ਼੍ਰੀ ਅਸ਼ੋਕ ਕੁਮਾਰ
ਸੀਨੀਅਰ ਡਿਪਟੀ ਮੇਅਰ

ਸ੍ਰ: ਹਰਮੰਦਰ ਸਿੰਘ
ਡਿਪਟੀ ਮੇਅਰ

ਸ਼੍ਰੀ ਬਲਜਿੰਦਰ ਸਿੰਘ
ਮੈਂਬਰ ਐਫ.ਐਂਡ ਸੀ.ਸੀ.

ਸ਼੍ਰੀਮਤੀ ਪ੍ਰਵੀਨ ਗਰਗ
ਮੈਂਬਰ ਐਫ.ਐਂਡ ਸੀ.ਸੀ.

| ਲੜੀ ਨੰ: | ਮਤਾ ਨੰ: | ਏਜੰਡਾ ਆਈਟਮ ਨੰ: | ਮਤਾ ਜੋ ਪਾਸ ਹੋਇਆ |
|---|---|---|---|
| 1 | 390 | ਏਜੰਡਾ ਨੰ: 1:<br><br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 13.06.2022 ਦੀ ਕਾਰਵਾਈ ਦੀ ਪਕਿਆਈ। | ਮੀਟਿੰਗ ਮਿਤੀ 13.06.2022 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ। |
| 2 | 391 | ਏਜੰਡਾ ਨੰ: 2:<br><br>ਰਿਪੋਰਟ ਸਿਹਤ ਸ਼ਾਖਾ ਕਿ ਮਿਤੀ 15.06.2022 ਨੂੰ ਸਵੇਰੇ 11.00 ਵਜੇ ਸ਼ਹਿਰ ਵਿੱਚੋਂ ਮੁਰਦਾ ਪਸ਼ੂਆਂ ਨੂੰ ਚੁੱਕਣ ਸਬੰਧੀ ਬੋਲੀ ਰੱਖੀ ਗਈ, ਜਿਸ ਵਿੱਚ ਸ਼੍ਰੀ ਉਮ ਪ੍ਰਕਾਸ਼ ਪੁੱਤਰ ਸ਼੍ਰੀ ਗੋਪਾਲ ਦਾਸ, ਸ਼੍ਰੀ ਨਰੋਤਮ ਬਾਂਸਲ ਪੁੱਤਰ ਸ਼੍ਰੀ ਉਮ ਪ੍ਰਕਾਸ਼ ਅਤੇ ਸ਼੍ਰੀ ਰਾਜ ਕੁਮਾਰ ਪੁੱਤਰ ਸ਼੍ਰੀ ਗੋਪਾਲ ਦਾਸ ਬੋਲੀਕਾਰ ਸ਼ਾਮਲ ਹੋਏ। ਜਿੰਨ੍ਹਾਂ ਵਿੱਚੋਂ ਸ਼੍ਰੀ ਨਰੋਤਮ ਬਾਂਸਲ ਅਤੇ ਸ਼੍ਰੀ ਰਾਜ ਕੁਮਾਰ ਪੁੱਤਰ ਸ਼੍ਰੀ ਗੋਪਾਲ ਦਾਸ ਨੇ ਇਹ ਕੰਮ ਮੁਫਤ ਵਿੱਚ ਦੇਣ ਲਈ ਕਿਹਾ।<br>ਇਸਤੋਂ ਇਲਾਵਾ ਸ਼੍ਰੀ ਉਮ ਪ੍ਰਕਾਸ਼ ਪੁੱਤਰ ਸ਼੍ਰੀ ਗੋਪਾਲ ਦਾਸ ਨੇ ਆਪਣੀ ਦਰਖਾਸਤ ਅਤੇ ਬੋਲੀ ਸਮੇਂ ਨਗਰ ਨਿਗਮ ਨੂੰ ਇਹ ਕੰਮ ਦੇ ਬਦਲੇ 5000/- ਰੁਪਏ ਪ੍ਰਤੀ ਮਹੀਨਾ ਦੇਣ ਲਈ ਸਹਿਮਤੀ ਦਿੱਤੀ।<br>ਇਸ ਮੌਕੇ ਨਗਰ ਨਿਗਮ ਵੱਲੋਂ ਬਣਾਈ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਨਗਰ ਨਿਗਮ ਦੇ ਅਧਿਕਾਰੀ/ਕਰਮਚਾਰੀ ਸ਼ਾਮਲ ਸਨ। ਜਿੰਨ੍ਹਾਂ ਵੱਲੋਂ ਪਬਲਿਕ ਹਿੱਤਾਂ ਅਤੇ ਨਗਰ ਨਿਗਮ ਦੇ ਵਿੱਤੀ ਲਾਭ ਨੂੰ ਮੁੱਖ ਰੱਖਦੇ ਹੋਏ ਸਰਵ ਸੰਮਤੀ ਨਾਲ ਜਦੋਂ ਤੱਕ ਬੋਲੀ ਸਫਲ ਨਹੀਂ ਹੁੰਦੀ, ਉਹਨੀ ਦੇਰ ਇਹ ਕੰਮ ਸ਼੍ਰੀ ਉਮ ਪ੍ਰਕਾਸ਼ ਪੁੱਤਰ ਸ਼੍ਰੀ ਗੋਪਾਲ ਦਾਸ ਨੂੰ ਉਹਨਾਂ ਵੱਲੋਂ ਦਿੱਤੀ ਦਰਖਾਸਤ ਜਿਸ ਵਿੱਚ ਉਹਨਾਂ ਵੱਲੋਂ 5000/- ਰੁਪਏ (ਪੰਜ ਹਜ਼ਾਰ ਰੁਪਏ) ਪ੍ਰਤੀ ਮਹੀਨਾ ਨਗਰ ਨਿਗਮ ਨੂੰ ਦੇਣ ਦੀ ਬੇਨਤੀ ਕੀਤੀ ਗਈ ਹੈ, ਇਹ ਉਹਨਾਂ ਨੂੰ ਦੇਣਾ ਉਚਿਤ ਹੋਵੇਗਾ ਜੀ।<br>ਉਕਤ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ ਬੋਲੀ ਵਿੱਚ ਬੈਠ ਕੇ ਪਤਾ ਲੱਗਿਆ ਕਿ ਕੋਈ ਵੀ ਵਿਅਕਤੀ ਦਫਤਰ ਵੱਲੋਂ ਰਿਜ਼ਰਵ ਕੀਮਤ ਤੇ ਬੋਲੀ ਦੇਣ ਲਈ ਤਿਆਰ ਨਹੀਂ ਹੋਇਆ। ਹਿੱਸਾ ਲੈਣ ਵਾਲੇ ਵਿਅਕਤੀਆਂ ਦਾ ਕਹਿਣਾ ਸੀ ਕਿ ਬਠਿੰਡਾ ਸ਼ਹਿਰ ਦੇ 80-90 ਕਿਲੋਮੀਟਰ ਦੇ ਘੇਰੇ ਵਿੱਚ ਕੋਈ ਹੱਡੀ ਰੋੜੀ ਨਹੀਂ ਹੈ ਅਤੇ ਇੰਨੀ ਦੂਰ ਲੈ ਕੇ ਜਾਣ ਤੇ ਕਾਫੀ ਖਰਚ ਹੁੰਦਾ ਹੈ। ਇਸ ਤੋਂ ਇਲਾਵਾ ਡੈਡ ਐਨੀਮਲਜ਼ ਤੋਂ ਪ੍ਰਾਪਤ ਹੋਣ ਵਾਲੇ ਚਮੜੇ ਦਾ ਰੇਟ ਵੀ ਨਾਂ ਦੇ ਬਰਾਬਰ ਹੀ ਹੈ। ਇਸ ਲਈ ਮੇਰੇ ਵਿਚਾਰ ਅਨੁਸਾਰ ਸ਼੍ਰੀ ਉਮ ਪ੍ਰਕਾਸ਼ ਪੁੱਤਰ ਸ਼੍ਰੀ ਗੋਪਾਲ ਦਾਸ ਨੂੰ ਫਿਲਹਾਲ ਇਹ ਕੰਮ ਅਲਾਟ ਕਰ ਦੇਣਾ ਚਾਹੀਦਾ ਹੈ। ਬੋਲੀ ਵਧਾਉਣ ਲਈ ਵਾਰ-ਵਾਰ ਬੋਲੀ ਰੱਖਣ ਨਾਲ ਜਿੰਨ੍ਹਾਂ ਸਮਾਂ ਲੰਘ ਰਿਹਾ ਹੈ, ਉਸ ਸਮੇਂ ਲਈ ਬੇਸਹਾਰਾ ਮੁਰਦਾ ਪਸ਼ੂਆਂ ਨੂੰ ਡਿਸਪੋਜ਼ ਆਫ ਕਰਨ ਲਈ ਕੋਈ ਮੈਕੇਨਿਜ਼ਮ ਨਹੀਂ ਹੈ। ਕੰਮ ਇਸੇ ਬੋਲੀ ਤੇ ਹੀ ਅਲਾਟ ਕਰ ਦੇਣਾ ਉਚਿਤ ਹੋਵੇਗਾ।<br>ਰਿਪੋਰਟ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | ਪ੍ਰਵਾਨ ਹੈ। |

<table>
<tr>
<td>3</td>
<td>392</td>
<td>
<u>ਏਜੰਡਾ ਨੰ: 3:</u><br><br>
ਰਿਪੋਰਟ ਬਾਗਬਾਨੀ ਸ਼ਾਖਾ ਕਿ Supply of Tree, Shrubs and Ground Cover for Planting Season 2022-23 ਦੇ ਮੁਬਲਿਗ 12.28 ਲੱਖ ਰੁਪਏ ਦੇ ਟੈਂਡਰ ਮਿਤੀ 21.06.2022 ਨੂੰ ਪਹਿਲੀ ਵਾਰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਸੱਤ ਟੈਂਡਰ ਪ੍ਰਾਪਤ ਹੋਏ ਹਨ:
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>The Ganga Co-op L/C Society Ltd.</td><td>(–) 48.10%</td><td>637332.00</td></tr>
<tr><td>2.</td><td>The Jamuna Co-op L/C Society Ltd.</td><td>(–) 28.25%</td><td>881090.00</td></tr>
<tr><td>3.</td><td>AAR AAR Enterprises</td><td>(–) 51.05%</td><td>601106.00</td></tr>
<tr><td>4.</td><td>Guru Nanak Traders</td><td>(–) 35.10%</td><td>796972.00</td></tr>
<tr><td>5.</td><td>The Awami Co-op L/C Society Ltd.</td><td>(–) 39.67%</td><td>740852.40</td></tr>
<tr><td>6.</td><td>The Baba Balwant Muni Co-op L/C Society Ltd.</td><td>(–) 42.20%</td><td>709784.00</td></tr>
<tr><td>7.</td><td>The Raipur Co-op L/C Society Ltd.</td><td>(–) 13.33%</td><td>1064307.60</td></tr>
</table>
ਉਪਰੋਕਤ ਅਨੁਸਾਰ ਸੱਭ ਤੋਂ ਘੱਟ ਰੇਟ AAR AAR Enterprises ਦੇ ਬਣਦੇ ਹਨ। ਫਰਮ ਵੱਲੋਂ 12,28,000/- ਰੁਪਏ ਦੇ ਵਿਰੁੱਧ 6,01,106/- ਰੁਪਏ ਓਵਰਆਲ ਲੈਸ 51.05% ਕਰਨ ਤੋਂ ਬਾਅਦ ਬਣਦੇ ਹਨ। ਰੇਟ ਵਾਜ਼ਬ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ
</td>
<td>ਪ੍ਰਵਾਨ ਹੈ।</td>
</tr>
<tr>
<td>4</td>
<td>393</td>
<td>
<u>ਏਜੰਡਾ ਨੰ: 4:</u><br>
ਰਿਪੋਰਟ ਬਾਗਬਾਨੀ ਸ਼ਾਖਾ ਕਿ Construction of SLF Bathinda ਦੇ ਮੁਬਲਿਗ 11.99 ਲੱਖ ਰੁਪਏ ਦੇ ਟੈਂਡਰ ਮਿਤੀ 21.06.2022 ਨੂੰ ਪਹਿਲੀ ਵਾਰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ:
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>The Ganga Co-op L/C Society Ltd.</td><td>(–) 24.99%</td><td>899369/90</td></tr>
<tr><td>2.</td><td>The Friends Co-op L/C Society Ltd.</td><td>(–) 12.77%</td><td>1045887/70</td></tr>
<tr><td>3.</td><td>The Raipur Co-op L/C Society Ltd.</td><td>(–) 13.33%</td><td>1039173/30</td></tr>
</table>
ਉਪਰੋਕਤ ਅਨੁਸਾਰ ਸੱਭ ਤੋਂ ਘੱਟ ਰੇਟ The Ganga Co-op L/C Society Ltd. ਦੇ ਬਣਦੇ ਹਨ। ਫਰਮ ਵਲੋਂ 24.99% ਲੈਸ ਰੇਟ ਪਾਏ ਗਏ ਹਨ। ਫਰਮ 11,99,000/- ਰੁਪਏ ਦੇ ਮੁਕਾਬਲੇ 899369/90 ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ
</td>
<td>ਪ੍ਰਵਾਨ ਹੈ।</td>
</tr>
</table>

<table>
<tr>
<td>5</td>
<td>394</td>
<td><u>ਏਜੰਡਾ ਨੰ: 5:</u><br><br>ਰਿਪੋਰਟ ਵਰਕਸ ਸ਼ਾਖਾ ਕਿ Raising of Manhole in various streets of Bathinda City ਦੇ ਮੁਬਲਿਗ 15.82 ਲੱਖ ਰੁਪਏ ਦੇ ਟੈਂਡਰ ਮਿਤੀ 17.08.2022 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਦੋ ਟੈਂਡਰ ਪ੍ਰਾਪਤ ਹੋਏ ਹਨ:<br><br>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>Sita Ram Contractor</td><td>(–) 12.25%</td><td>1388205/-</td></tr>
<tr><td>2.</td><td>The Baba Balwant Muni Co-op L/C Society Ltd.</td><td>(+) 18.00%</td><td>1866760/-</td></tr>
</table>
ਉਕਤ ਕੰਮ ਦੀ Financial Bid ਖੋਲੀ ਗਈ, ਜਿਸ ਵਿੱਚ ਸੱਭ ਤੋਂ ਘੱਟ ਰੇਟ ਸੀਤਾ ਰਾਮ ਠੇਕੇਦਾਰ ਵੱਲੋਂ (-) 12.25% ਪ੍ਰਾਪਤ ਹੋਏ ਹਨ। ਠੇਕੇਦਾਰ ਇਹ ਕੰਮ 1582000/- ਰੁਪਏ ਦੇ ਮੁਕਾਬਲੇ 1388205/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ</td>
<td>ਪ੍ਰਵਾਨ ਹੈ।</td>
</tr>
<tr>
<td>6</td>
<td>395</td>
<td><u>ਏਜੰਡਾ ਨੰ: 6:</u><br><br>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ Supply of drinking water with water tanker in various parts of city (2022-23) ਦੇ ਮੁਬਲਿਗ 26.28 ਲੱਖ ਰੁਪਏ ਦੇ ਟੈਂਡਰ ਮਿਤੀ 06.06.2022 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 6 (ਛੇ) ਟੈਂਡਰ ਪ੍ਰਾਪਤ ਹੋਏ ਹਨ:<br><br>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>Sita Ram Contractor</td><td>(–) 5.77%</td><td>2476364/40</td></tr>
<tr><td>2.</td><td>M/s. Gurbachan Singh Contractor</td><td>(–) 2.00%</td><td>2575440/–</td></tr>
<tr><td>3.</td><td>Munish Kumar Contractor</td><td>(–) 1.00%</td><td>2601720/–</td></tr>
<tr><td>4.</td><td>The Friends Co-op L/C Soc. Ltd.</td><td>(–) 17.77%</td><td>2161004/40</td></tr>
<tr><td>5.</td><td>Guru Nanak Traders</td><td>(–) 5.75%</td><td>2476890/–</td></tr>
<tr><td>6.</td><td>Naib Enterprises</td><td>(–) 35.00%</td><td>1708200/–</td></tr>
</table>
ਉਪਰੋਕਤ ਕੰਮ ਲਈ 6 ਟੈਂਡਰ ਪ੍ਰਾਪਤ ਹੋਏ ਹਨ, ਜਿੰਨ੍ਹਾਂ ਵਿੱਚੋਂ ਸੱਭ ਤੋਂ ਘੱਟ ਰੇਟ (-) 35.00% Naib Enterprises ਦੇ ਪ੍ਰਾਪਤ ਹੋਏ ਹਨ। ਇਸਤੇ ਰਿਪੋਰਟ ਕੀਤੀ ਗਈ ਹੈ ਕਿ (-) 35.00% ਰੇਟ ਬਹੁਤ ਘੱਟ ਹੈ। ਇਸ ਰੇਟ ਤੇ ਕੰਮ ਕਰਨਾ ਸੰਭਵ ਨਹੀਂ ਜਾਪਦਾ। Rate Analysis ਮੰਗਿਆ ਜਾਵੇ।</td>
<td></td>
</tr>
</table>

<table>
<tr><td></td><td></td><td>ਉਪਰੋਕਤ ਸਬੰਧੀ ਨਗਰ ਨਿਗਮ ਦੇ ਦਫਤਰੀ ਪੱਤਰ ਨੰਬਰ 1896 ਮਿਤੀ 29.06.2022 ਰਾਹੀਂ ਰੇਟ ਘੱਟ ਹੋਣ ਕਾਰਨ Rate Analysis ਮੰਗਿਆ ਗਿਆ ਸੀ, ਜਿਸਦੇ ਸਬੰਧ ਵਿੱਚ ਠੇਕੇਦਾਰ ਵੱਲੋਂ Rate Analysis ਦੇ ਕੇ ਬੇਨਤੀ ਕੀਤੀ ਹੈ ਕਿ ਮੈਂ ਆਪਣੇ ਮੁਤਾਬਿਕ ਸਹੀ ਰੇਟ ਭਰੇ ਹਨ ਅਤੇ ਕੰਮ ਕਰਨ ਲਈ ਤਿਆਰ ਹਾਂ।<br>ਉਕਤ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ ਠੇਕੇਦਾਰ ਵੱਲੋਂ ਭਰੇ ਰੇਟ ਬਹੁਤ ਜਿਆਦਾ ਘੱਟ ਹਨ। ਇਹਨਾਂ ਰੇਟਾਂ ਤੇ ਕੰਮ ਕਰਨਾ ਅਤਿ ਕਠਿਨ ਹੈ। ਮੇਰੇ ਵਿਚਾਰ ਅਨੁਸਾਰ ਠੇਕੇਦਾਰ ਦੇ ਰੇਟ ਪ੍ਰਵਾਨ ਕਰਕੇ ਫਿਲਹਾਲ ਛੇ ਮਹੀਨੇ ਲਈ ਵਰਕ ਆਰਡਰ ਜਾਰੀ ਕਰ ਦਿੱਤਾ ਜਾਵੇ। ਛੇ ਮਹੀਨੇ ਬਾਅਦ ਠੇਕੇਦਾਰ ਦੀ ਪ੍ਰਫਾਰਮੈਂਸ ਇੰਜੀਨੀਅਰ/ ਇੰਚਾਰਜ਼ ਵੱਲੋਂ ਰਿਵਿਊ ਕੀਤੀ ਜਾਵੇਗੀ। ਜੇਕਰ ਪ੍ਰਫਾਰਮੈਂਸ ਠੀਕ ਰਹਿੰਦੀ ਹੈ ਤਾਂ ਅਗਲੇ ਛੇ ਮਹੀਨੇ ਲਈ ਵਰਕ ਆਰਡਰ ਜਾਰੀ ਕਰ ਦਿੱਤਾ ਜਾਵੇ।<br>ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ</td><td>ਪ੍ਰਵਾਨ ਹੈ।</td></tr>
<tr><td>7</td><td>396</td><td><u>ਏਜੰਡਾ ਨੰ: 7:</u><br><br>ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ Supply of Street/ Parks lights maintenance material for Bathinda City ਦੇ ਮੁਬਲਿਗ 23.49 ਲੱਖ ਰੁਪਏ ਦੇ ਟੈਂਡਰ ਮਿਤੀ 21.06.2022 ਨੂੰ ਪਹਿਲੀ ਵਾਰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ:<br><table><tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr><tr><td>1.</td><td>Vivek Enterprises</td><td>(–) 28.33%</td><td>1683528.30</td></tr><tr><td>2.</td><td>Jai Durga Electricals</td><td>(–) 44.00%</td><td>1315440.00</td></tr><tr><td>3.</td><td>Guru Nanak Traders</td><td>(–) 43.70%</td><td>1322487.00</td></tr></table>ਉਪਰੋਕਤ ਕੰਮ ਲਈ 3 ਟੈਂਡਰ ਪ੍ਰਾਪਤ ਹੋਏ ਹਨ। ਪ੍ਰਾਪਤ ਟੈਂਡਰਾਂ ਵਿੱਚੋਂ ਸੱਭ ਤੋਂ ਘੱਟ ਰੇਟ Jai Durga Electricals ਦੇ ਰੇਟ ਤਖਮੀਨੇ ਨਾਲੋਂ (–)44% ਘੱਟ ਪ੍ਰਾਪਤ ਹੋਇਆ ਹੈ। ਫਰਮ ਇਹ ਕੰਮ 23.49 ਲੱਖ ਰੁਪਏ ਦੇ ਵਿਰੁੱਧ 1315440/– ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ</td><td>ਪ੍ਰਵਾਨ ਹੈ।</td></tr>
<tr><td>8</td><td>397</td><td><u>ਏਜੰਡਾ ਨੰ: 8:</u><br><br>ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਨੂੰ Const. of Shed Backside Bus Stand for Vegetable and Fruit Market ਦੇ ਕੰਮ ਲਈ ਸਰਕਾਰ ਵੱਲੋਂ ਪੰਜਾਬ ਨਿਰਮਾਣ ਪ੍ਰੋਗਰਾਮ ਸਕੀਮ ਅਧੀਨ 40.00 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਸੀ। ਇਹ ਕੰਮ Gupta Construction ਨੂੰ ਵਰਕ ਆਰਡਰ ਨੰ: 177/ਵ ਮਿਤੀ 08.09.2021 ਰਾਹੀਂ ਅਲਾਟ ਕੀਤਾ ਗਿਆ ਸੀ। ਪਰੰਤੂ ਉਕਤ ਸਾਈਟ ਉਪਰ ਸ਼ੈਡ ਬਨਾਉਣ ਦਾ ਕੰਮ ਸ਼ੁਰੂ ਕਰਨ ਸਮੇਂ Vegetable and Fruit Market Shellers ਵੱਲੋਂ ਕਾਫੀ ਵਿਰੋਧ ਕੀਤਾ ਗਿਆ ਸੀ, ਜਿਸ ਕਾਰਨ ਇਹ ਕੰਮ ਸ਼ੁਰੂ ਨਹੀਂ ਹੋ ਸਕਿਆ। ਇਸ ਤੋਂ ਇਲਾਵਾ ਉਕਤ ਕੰਮ ਸਬੰਧੀ ਕੋਰਟ ਕੇਸ ਵੀ ਚੱਲ ਰਿਹਾ ਹੈ। ਇਸ ਲਈ ਕੰਮ ਨੂੰ ਕੈਂਸਲ ਕਰਕੇ ਗਰਾਂਟ ਵਾਪਸ ਕਰਨ ਲਈ ਐਫ.ਐਂਡ ਸੀ.ਸੀ. ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ। "ਐਫ. ਐਂਡ ਸੀ.ਸੀ. ਵੱਲੋਂ ਮਤਾ ਨੰਬਰ 373 ਮਿਤੀ 25.05.2022 ਰਾਹੀਂ Gupta Construction ਨੂੰ EMD ਮੁਬਲਿਗ</td><td></td></tr>
</table>

<table>
<tr>
<td></td>
<td></td>
<td>1,96,200/- ਰੁਪਏ ਵਾਪਸ ਕਰਨਾ ਪ੍ਰਵਾਨ ਕੀਤਾ ਜਾਂਦਾ ਹੈ। ਇਹ ਵੀ ਪ੍ਰਵਾਨ ਕੀਤਾ ਜਾਂਦਾ ਹੈ ਕਿ ਇਸ ਕੰਮ ਸਬੰਧੀ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਪ੍ਰਾਪਤ ਗਰਾਂਟ ਸਬੰਧਤ ਮਹਿਕਮੇ ਨੂੰ ਵਾਪਸ ਨਾ ਕੀਤੀ ਜਾਵੇ, ਪ੍ਰਵਾਨ ਕੀਤਾ ਗਿਆ ਸੀ”।<br>ਜਿਲ੍ਹਾ ਪ੍ਰਸ਼ਾਸਨ ਵੱਲੋਂ ਵਾਰ-ਵਾਰ ਗਰਾਂਟ ਵਾਪਸ ਲਈ ਕਿਹਾ ਜਾ ਰਿਹਾ ਹੈ ਅਤੇ ਪੱਤਰ ਪ੍ਰਾਪਤ ਹੋਇਆ ਹੈ ਕਿ ਪੰਜਾਬ ਨਿਰਮਾਣ ਪ੍ਰੋਗਰਾਮ ਅਤੇ Plan Scheme PM-3 (Untied Funds of CM/Dy.CM/FM) ਅਧੀਨ ਅਣ-ਵਰਤੀ ਰਾਸ਼ੀ ਸਮੇਤ ਵਿਆਜ ਤੁਰੰਤ ਖਜਾਨੇ ਵਿੱਚ ਜਮ੍ਹਾਂ ਕਰਵਾਈ ਜਾਵੇ। ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਗਰਾਂਟ ਕਿਸੇ ਹੋਰ ਮੰਤਵ ਲਈ ਖਰਚ ਨਹੀਂ ਕੀਤੀ ਜਾ ਸਕਦੀ। ਇਸ ਲਈ ਉਕਤ ਕੰਮ ਦੀ ਪ੍ਰਾਪਤ ਹੋਈ ਗਰਾਂਟ ਮੁਬਲਿਗ 40.00 ਲੱਖ ਰੁਪਏ ਵਾਪਸ ਕਰਨ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਇਸ ਮੱਦ ਤੇ ਵਿਚਾਰ ਕਰਨ ਲਈ ਕੇਸ ਜਨਰਲ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ।</td>
</tr>
<tr>
<td colspan="4"><u>ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:</u></td>
</tr>
<tr>
<td>1</td>
<td>398</td>
<td><u>ਏਜੰਡਾ ਨੰ: 1:</u><br>ਰਿਪੋਰਟ ਵਰਕਸ ਸ਼ਾਖਾ ਕਿ ਵਰਕਸ ਸ਼ਾਖਾ ਵੱਲੋਂ ਮਲਟੀਲੈਵਲ ਕਾਰ ਪਾਰਕਿੰਗ ਦੇ ਪ੍ਰੋਜੈਕਟ ਲਈ 3rd Party quality assurance consultant ਦੀ ਨਿਯੁਕਤੀ ਲਈ ਮਾਨਯੋਗ ਐਫ.ਐਂਡ ਸੀ.ਸੀ. ਦੇ ਵਿਚਾਰ ਅਤੇ ਪ੍ਰਵਾਨਗੀ ਲਈ ਹੇਠ ਲਿਖੇ ਅਨੁਸਾਰ ਮਤਾ ਭੇਜਿਆ ਗਿਆ ਸੀ।ਪਰੰਤੂ ਇਹ ਮਤਾ ਨੰਬਰ 361 ਮਿਤੀ 29.03.2022 ਰਾਹੀਂ ਕਲੈਰੀਕਲ ਗਲਤੀ ਨਾਲ ਗਲਤ ਪਾਸ ਹੋ ਗਿਆ ਸੀ।
<table>
<tr><th>ਲੜੀ ਨੰ:</th><th>ਪ੍ਰਵਾਨ ਮਤਾ ਨੰ: ਮਿਤੀ</th><th>ਪਾਸ ਹੋਇਆ ਮਤਾ</th><th>ਦਰੁੱਸਤ ਮਤਾ</th></tr>
<tr>
<td>1.</td>
<td>361<br>29.3.2022</td>
<td>ਰਿਪੋਰਟ ਵਰਕਸ ਸ਼ਾਖਾ ਕਿ ਪੰਜਾਬ ਰੋਡਜ਼ ਐਂਡ ਬ੍ਰਿਜ਼ਜ਼ ਡਿਵੈਲਪਮੈਂਟ ਬੋਰਡ ਵੱਲੋਂ ਆਪਣੇ ਪੱਤਰ ਨੰ: PRBDB/2013 dated 19.05.2021 ਰਾਹੀਂ ਵੱਖ-2 ਪੰਜ ਫਰਮਾਂ ਨੂੰ ਬਤੌਰ 3rd Party quality assurance consultant ਨਿਯੁਕਤ ਕੀਤਾ ਗਿਆ ਸੀ। ਜਿਸ ਦੇ ਸਬੰਧ ਵਿੱਚ ਨਗਰ ਨਿਗਮ ਵੱਲੋਂ ਆਪਣੇ ਪੱਤਰ ਨੰ: 2567 ਮਿਤੀ 28.12.2021 ਰਾਹੀਂ ਰਾਹੀਂ ਉਕਤ ਪੰਜ ਫਰਮਾਂ ਨੂੰ ਵਿਸ਼ੇ ਅਧੀਨ ਕੰਮ ਖਾਤਰ Consultancy Charges ਘਟਾਉਣ ਲਈ ਲਿਖਿਆ ਗਿਆ ਸੀ। ਜਿਸ ਖਾਤਰ ਉਨ੍ਹਾਂ ਨੂੰ 10.10.2021 ਤੱਕ ਸਮਾਂ ਦਿੱਤਾ ਗਿਆ ਸੀ।ਮਿਤੀ 11.01.2022 ਨੂੰ ਦੁਪਹਿਰ 12.00 ਵਜੇ ਹੇਠ ਲਿਖੇ ਅਨੁਸਾਰ 4 ਫਰਮਾਂ ਵੱਲੋਂ ਬੰਦ ਲਿਫਾਫੇ ਵਿੱਚ ਆਪਣੇ Consultancy Charges Quote ਕੀਤੇ ਗਏ ਹਨ। ਉਕਤ ਦਸਤਾਵੇਜ਼ ਸ਼੍ਰੀ ਜਿਤਿਨ ਕਾਂਸਲ, ਜੂਨੀਅਰ ਇੰਜੀਨੀਅਰ, ਸ਼੍ਰੀ ਰਜਿੰਦਰ ਕੁਮਾਰ ਸਹਾਇਕ ਨਿਗਮ ਇੰਜੀਨੀਅਰ, ਸ਼੍ਰੀ ਦਵਿੰਦਰ ਸਿੰਘ ਜੋੜਾ ਨਿਗਮ ਇੰਜੀਨੀਅਰ ਅਤੇ ਸ਼੍ਰੀ ਹਰਪਾਲ ਸਿੰਘ ਭੁੱਲਰ, ਨਿਗਰਾਨ ਇੰਜੀਨੀਅਰ ਜੀ ਦੀ ਹਾਜ਼ਰੀ</td>
<td>"ਪੰਜਾਬ ਰੋਡ ਐਂਡ ਬ੍ਰਿਜ਼ਜ਼ ਡਿਵੈਲਪਮੈਂਟ ਬੋਰਡ ਵੱਲੋਂ ਆਪਣੇ ਪੱਤਰ ਨੰ: PRBDB/2013 dated 19.05.2021 ਰਾਹੀਂ ਵੱਖ-2 ਪੰਜ ਫਰਮਾਂ ਨੂੰ ਬਤੌਰ 3rd Party quality assurance consultant ਨਿਯੁਕਤ ਕੀਤਾ ਗਿਆ ਸੀ। ਜਿਸ ਦੇ ਸਬੰਧ ਵਿੱਚ ਨਗਰ ਨਿਗਮ ਵੱਲੋਂ ਆਪਣੇ ਪੱਤਰ ਨੰ: 1775/W ਮਿਤੀ 28.12.2021 ਰਾਹੀਂ ਰਾਹੀਂ ਉਕਤ ਪੰਜ ਫਰਮਾਂ ਨੂੰ ਵਿਸ਼ੇ ਅਧੀਨ ਕੰਮ ਖਾਤਰ Consultancy Charges ਘਟਾਉਣ ਲਈ ਲਿਖਿਆ ਗਿਆ ਸੀ। ਜਿਸ ਖਾਤਰ ਉਨ੍ਹਾਂ ਨੂੰ 10.10.2021 ਤੱਕ ਸਮਾਂ ਦਿੱਤਾ ਗਿਆ ਸੀ।ਮਿਤੀ 11.01.2022 ਨੂੰ ਦੁਪਹਿਰ 12.00 ਵਜੇ ਹੇਠ ਲਿਖੇ ਅਨੁਸਾਰ 4 ਫਰਮਾਂ ਵੱਲੋਂ ਬੰਦ ਲਿਫਾਫੇ ਵਿੱਚ ਆਪਣੇ Consultancy Charges Quote ਕੀਤੇ ਗਏ ਹਨ। ਉਕਤ ਦਸਤਾਵੇਜ਼ ਸ਼੍ਰੀ ਰਾਜੇਸ਼ ਕੁਮਾਰ ਜੂਨੀਅਰ ਇੰਜੀਨੀਅਰ, ਸ਼੍ਰੀ ਚਿਰਾਗ ਬਾਂਸਲ ਸਹਾਇਕ ਨਿਗਮ ਇੰਜੀਨੀਅਰ, ਸ਼੍ਰੀ ਗੁਰਪ੍ਰੀਤ ਸਿੰਘ ਨਿਗਮ ਇੰਜੀਨੀਅਰ ਅਤੇ ਸ਼੍ਰੀ ਹਰਪਾਲ ਸਿੰਘ ਭੁੱਲਰ, ਨਿਗਰਾਨ ਇੰਜੀਨੀਅਰ ਜੀ ਦੀ ਹਾਜ਼ਰੀ ਵਿੱਚ ਖੋਲੇ ਗਏ। ਪ੍ਰਾਪਤ ਹੋਏ ਰੇਟ ਹੇਠ ਲਿਖੇ ਅਨੁਸਾਰ ਹਨ:-</td>
</tr>
</table>
</td>
<td></td>
</tr>
</table>

<table>
<tr>
<td></td>
<td></td>
<td>
<table>
<tr>
<td></td>
<td></td>
<td>ਵਿੱਚ ਖੋਲੇ ਗਏ। ਪ੍ਰਾਪਤ ਹੋਏ ਰੇਟ ਹੇਠ ਲਿਖੇ ਅਨੁਸਾਰ ਹਨ:-
<table>
<tr><th>ਲੜੀ ਨੰ:</th><th>ਕੰਪਨੀ ਦਾ ਨਾਮ</th><th>ਕੋਟ ਕੀਤੇ ਗਏ ਰੇਟ</th></tr>
<tr><td>1.</td><td>Wapcos Ltd.</td><td>0.58%+GST</td></tr>
<tr><td>2.</td><td>E-Eng Advisory Services</td><td>0.70%+GST</td></tr>
<tr><td>3.</td><td>Global Engineers and Consultant</td><td>0.489%+GST</td></tr>
<tr><td>4.</td><td>Shrikhande Consultant Pvt. Ltd.</td><td>0.64%+GST</td></tr>
</table>
ਉਪਰੋਕਤ ਅਨੁਸਾਰ Global Engineers and Consultant ਦੇ ਰੇਟ ਦਾ 0.489% of Project Cost+Cost ਸਭ ਤੋਂ ਘੱਟ ਹਨ। ਸੋ Global Engineers and Consultant ਨੂੰ ਬਤੌਰ 3rd party quality assurance consultant ਨਿਯੁਕਤ ਕਰਨ ਖਾਤਰ ਰਿਪੋਰਟ ਪੇਸ਼ ਹੈ ਜੀ।<br>
ਨੋਟ:- Scope of work will be same as per letter No. PRBDB/2013 dated 19.05.2021 issued by Punjab Roads and Bridges Development Board.</td>
<td>
<table>
<tr><th>ਲੜੀ ਨੰ:</th><th>ਕੰਪਨੀ ਦਾ ਨਾਮ</th><th>ਕੋਟ ਕੀਤੇ ਗਏ ਰੇਟ</th></tr>
<tr><td>1.</td><td>Wapcos Ltd.</td><td>0.40%+GST</td></tr>
<tr><td>2.</td><td>E-Eng Advisory Services</td><td>0.67%+GST</td></tr>
<tr><td>3.</td><td>Global Engineers and Consultant</td><td>0.38%+GST</td></tr>
<tr><td>4.</td><td>SRD Agroes Pvt. Ltd.</td><td>0.70%+GST</td></tr>
</table>
ਉਪਰੋਕਤ ਅਨੁਸਾਰ Global Engineers and Consultant ਦੇ ਰੇਟ ਦਾ 0.38% of Project Cost+Cost ਸਭ ਤੋਂ ਘੱਟ ਹਨ। ਸੋ Global Engineers and Consultant ਨੂੰ ਬਤੌਰ 3rd party quality assurance consultant ਨਿਯੁਕਤ ਕਰਨ ਖਾਤਰ ਰਿਪੋਰਟ ਪੇਸ਼ ਹੈ ਜੀ।<br>
not:- Scope of work will be same as per letter No. PRBDB/2013 dated 19.05.2021 issued by Punjab Roads and Bridges Development Board."</td>
</tr>
</table>
ਉਕਤ ਅਨੁਸਾਰ ਮਤੇ ਦੀ ਦਰੁੱਸਤੀ ਲਈ ਕੇਸ ਮਾਨਯੋਗ ਐਫ.ਐਂਡ.ਸੀ.ਸੀ. ਵਿੱਚ ਭੇਜਣ ਦੀ ਪ੍ਰਵਾਨਗੀ ਲਈ ਰਿਪੋਰਟ ਪੇਸ਼ ਹੈ ਜੀ।</td>
<td>ਪ੍ਰਵਾਨ ਹੈ।</td>
</tr>
</table>

ਸਹੀ/-<br>
**ਮੇਅਰ**<br>
**ਨਗਰ ਨਿਗਮ, ਬਠਿੰਡਾ।**